ਨੰ: 2021 3504 · ਮਿਤੀ 04/01/2021

## ਪਬਲਿਕ ਨੋਟਿਸ

ਸਮੱਗਰਾ ਸਿੱਖਿਆ ਅਭਿਆਨ, ਪੰਜਾਬ ਅਧੀਨ ਠੇਕਾ ਆਧਾਰ ਤੇ ਲੇਖਾਕਾਰ ਅਤੇ ਡਾਟਾ ਐਂਟਰੀ ਉਪਰੇਟਰ ਵੱਖ-ਵੱਖ ਜਿਲ੍ਹਾ ਦਫਤਰਾਂ ਅਤੇ ਬਲਾਕ ਦਫਤਰਾਂ ਵਿਖੇ ਕੰਮ ਕਰ ਰਹੇ ਹਨ। ਮੌਜੂਦਾ ਸਮੇਂ ਸਮੱਗਰਾ ਸਿੱਖਿਆ ਅਭਿਆਨ ਪੰਜਾਬ ਅਧੀਨ ਕੁੱਲ 363 ਲੇਖਾਕਾਰ ਅਤੇ 374 ਡਾਟਾ ਐਂਟਰੀ ਉਪਰੇਟਰ ਕੰਮ ਕਰ ਰਹੇ ਹਨ। ਪ੍ਰੰਤੂ ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਮ ਕਰ ਰਹੇ ਡਾਟਾ ਐਂਟਰੀ ਉਪਰੇਟਰ ਅਤੇ ਲੇਖਾਕਾਰ ਦੀਆਂ ਅਸਾਮੀਆਂ ਦੀ ਵੰਡ ਤਰਕ ਸੰਗਤ ਨਹੀਂ ਹੈ। ਜਿਸ ਕਾਰਨ ਕਈ ਬਲਾਕਾਂ ਵਿੱਚ ਇਨਾਂ ਅਸਾਮੀਆਂ ਦੇ ਖਾਲੀ ਹੋਣ ਕਾਰਨ ਬਲਾਕ ਪੱਧਰ ਦਾ ਕੰਮ ਬਹੁਤ ਪ੍ਰਭਾਵਿਤ ਹੋ ਰਿਹਾ ਹੈ। ਇਸ ਲਈ ਇਨ੍ਹਾਂ ਅਸਾਮੀਆਂ ਨੂੰ ਤਰਕ ਸੰਗਤ ਕਰਨ ਲਈ ਰੈਸ਼ਨੇਲਾਈਜੇਸ਼ਨ ਪਾਲਿਸੀ ਤਿਆਰ ਕੀਤੀ ਗਈ ਹੈ, ਜਿਸ ਤਹਿਤ ਵੱਖ ਵੱਖ ਥਾਵਾਂ ਤੇ ਰੈਸ਼ਨੇਲਾਈਜੇਸ਼ਨ ਪਾਲਿਸੀ ਤਹਿਤ ਸਰਪਲੱਸ ਤੌਰ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਲੋੜੀਂਦੀਆਂ ਥਾਂਵਾਂ ਤੇ ਸ਼ਿਫਟ ਕਰਨ ਦੀ ਤਜਵੀਜ਼ ਹੈ ਤਾਂ ਜੋ ਕੰਮ ਨੂੰ ਸੁਚਾਰੂ ਅਤੇ ਸੁਚੱਜੇ ਢੰਗ ਨਾਲ ਚਲਾਇਆ ਜਾ ਸਕੇ।

ਉਕਤ ਪਾਲਿਸੀ ਤਹਿਤ ਸਰਪਲੱਸ ਲੇਖਾਕਾਰਾਂ ਅਤੇ ਡਾਟਾ ਐਂਟਰੀ ਅਪਰੇਟਰਾਂ ਨੂੰ ਮਾਰਚ 2020 ਵਿੱਚ ਸਟੇਸ਼ਨ ਚੋਣ ਲਈ ਮੁੱਖ ਦਫਤਰ ਵਿਖੇ ਬੁਲਾਇਆ ਗਿਆ ਸੀ ਅਤੇ ਸਬੰਧਤਾਂ ਵੱਲੋਂ ਨਿਸ਼ਚਿਤ ਮਿਤੀ ਤੇ ਹਾਜ਼ਰ ਹੋ ਕੇ ਆਪਣੀ ਸਟੇਸ਼ਨ ਚੋਣ ਸਬੰਧੀ ਸਹਿਮਤੀ ਦਿੱਤੀ ਗਈ ਸੀ।

ਇਸ ਨੋਟਿਸ ਰਾਹੀਂ ਸਬੰਧਤ ਲੇਖਾਕਾਰਾਂ ਅਤੇ ਡਾਟਾ ਐਂਟਰੀ ਉਪਰੇਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਦਿੱਤੀ ਗਈ ਸਟੇਸ਼ਨ ਚੋਣ ਵਿੱਚ ਕਿਸੇ ਕਰਮਚਾਰੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਇਸ ਸਬੰਧੀ ਆਪਣਾ ਇਤਰਾਜ ਮਿਤੀ 05.01.2021 ਨੂੰ ਸ਼ਾਮ 5:00 ਵਜੇ ਤੱਕ ਦਫਤਰ ਦੀ ਈਮੇਲ ਆਈ.ਡੀ. rationalization2021@gmail.com ਤੇ ਭੇਜਣਗੇ, ਜੇਕਰ ਨਿਸਚਿਤ ਮਿਤੀ ਤੱਕ ਸਬੰਧਤ ਕਰਮਚਾਰੀ ਆਪਣੇ ਇਤਰਾਜ ਨਹੀਂ ਭੇਜਦੇ ਤਾਂ ਉਹਨਾਂ ਦਾ ਇਤਰਾਜ ਵਿਚਾਰਨਯੋਗ ਨਹੀਂ ਹੋਵੇਗਾ। ਇੱਥੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਸਾਰੇ ਸਬੰਧਤ ਕਰਮਚਾਰੀ ਆਪਣੇ ਇਤਰਾਜ਼ ਕੇਵਲ ਉਕਤ ਦਰਸਾਈ ਈਮੇਲ ਰਾਹੀਂ ਹੀ ਭੇਜਣਗੇ।

04/1/21

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ ਪੰਜਾਬ**